ਕੋਸਟਾ ਰੀਕਾ ਵਿੱਚ ਭਾਰਤੀ ਮਿਸ਼ਨ ਦਾ ਸੰਚਾਲਨ

ਭਾਰਤ ਨੇ 10 ਅਕਤੂਬਰ 2026 ਤੋਂ ਸੈਨ ਹੋਜ਼ੇ, ਕੋਸਟਾ ਰੀਕਾ ਵਿੱਚ ਆਪਣੇ ਨਵੇਂ ਰੈਜ਼ੀਡੈਂਟ ਮਿਸ਼ਨ ਨੂੰ ਕਾਰਜਸ਼ੀਲ ਕਰ ਦਿੱਤਾ ਹੈ।

ਦੂਤਾਵਾਸ ਦੇ ਐਡਰੈੱਸ ਹੇਠਾਂ ਦਿੱਤੇ ਅਨੁਸਾਰ ਹਨ:

ਐਡਰੈੱਸ:

ਭਾਰਤੀ ਦੂਤਾਵਾਸ, ਸੈਨ ਹੋਜ਼ੇ (ਕੈਂਪ ਆਫਿਸ)

ਰੈਜ਼ੀਡੈਂਸ ਇਨ ਬਾਏ ਮੈਰਿਅਟ ਐਸਕਾਜ਼ੁ

ਕੰਪਲੈਕਸ ਐਵੇਨਿਡਾ ਐਸਕਾਜ਼ੁ,

ਆਟੋਪ, ਪ੍ਰੋਸਪੇਰੋ ਫਰਨਾਂਡੇਜ਼,

ਸੈਨ ਹੋਜ਼ੇ, 10203, ਕੋਸਟਾ ਰੀਕਾ

ਟੈਲੀਫੋਨ: +506 2588-4300 ਐਕਸਟੈਂਸ਼ਨ. 304

ਈਮੇਲ: amb.sanjose@mea.gov.in

hoc.sanjose@mea.gov.in

2. ਕੋਸਟਾ ਰੀਕਾ ਵਿੱਚ ਭਾਰਤੀ ਰੈਜ਼ੀਡੈਂਟ ਮਿਸ਼ਨ ਦੇ ਕਾਰਜਸ਼ੀਲ ਹੋਣ ਨਾਲ ਮੱਧ ਅਮਰੀਕਾ ਵਿੱਚ ਭਾਰਤ ਦੇ ਕੂਟਨੀਤਿਕ ਦਾਇਰੇ ਨੂੰ ਵਧਾਉਣ ਅਤੇ ਭਾਰਤ ਅਤੇ ਕੋਸਟਾ ਰੀਕਾ ਦੇ ਵਿਚਕਾਰ ਦੁਵੱਲੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਇਹ ਆਪਸੀ ਰਾਜਨੀਤਿਕ ਤਾਲਮੇਲ ਨੂੰ ਸੌਖਾ ਬਣਾਏਗਾ, ਦੁਵੱਲੇ ਵਪਾਰ, ਨਿਵੇਸ਼ ਅਤੇ ਆਰਥਿਕ ਸਹਿਯੋਗ ਨੂੰ ਉਤਸ਼ਾਹਿਤ ਕਰੇਗਾ ਅਤੇ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰੇਗਾ।

3. ਇਹ ਮਿਸ਼ਨ ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਕੋਸਟਾ ਰੀਕਾ ਨਾਲ ਲੋਕਾਂ ਦੇ ਵਿਚਕਾਰ ਆਪਸੀ ਮਜ਼ਬੂਤ ਸੰਪਰਕ ਅਤੇ ਵਧੇਰੇ ਨਿਰੰਤਰ ਸ਼ਮੂਲੀਅਤ ਬਣਾਉਣ ਵਿੱਚ ਮਦਦ ਕਰੇਗਾ। ਇਹ ਕੋਸਟਾ ਰੀਕਾ ਵਿੱਚ ਭਾਰਤੀ ਨਾਗਰਿਕਾਂ ਅਤੇ ਭਾਰਤੀ ਭਾਈਚਾਰੇ ਨੂੰ ਬਿਹਤਰ ਕੌਂਸਲਰ ਸਹਾਇਤਾ ਪ੍ਰਦਾਨ ਕਰੇਗਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰਨ ਵਿੱਚ ਮਦਦ ਕਰੇਗਾ।

ਨਵੀਂ ਦਿੱਲੀ

13 ਅਕਤੂਬਰ 2026